ਵੱਲ

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਅੰਮ੍ਰਿਤਸਰ, ਬਠਿੰਡਾ, ਫਿਰੋਜਪੁਰ, ਗੁਰਦਾਸਪੁਰ,
ਜਲੰਧਰ, ਲੁਧਿਆਣਾ, ਸੰਗਰੂਰ, ਹੁਸ਼ਿਆਰਪੁਰ।

ਮੀਮੋ ਨੰ. Transfer Cell/2025/277030/
ਮਿਤੀ: 08.12.2025

ਵਿਸ਼ਾ:- ਮੈਰੀਟੋਰੀਅਸ ਸਕੂਲਾਂ ਵਿੱਚ ਲੈਕਚਰਾਰਾਂ ਦਾ ਆਰਜੀ ਪ੍ਰਬੰਧ ਕਰਨ ਸਬੰਧੀ।

ਉਪਰੋਕਤ ਵਿਸੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਦੋਂ ਤੱਕ ਮੈਰੀਟਿਰੀਅਸ ਸਕੂਲਾਂ ਵਿੱਚ ਭਰਤੀ ਨਹੀਂ ਹੋ ਜਾਂਦੀ, ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਆਪ ਦੇ ਅਧੀਨ ਪੈਂਦੇ ਮੈਰੀਟੋਰੀਅਸ ਸਕੂਲਾਂ ਵਿੱਚ ਲੋੜੀਂਦੇ ਵਿਸ਼ਿਆਂ ਦੇ ਲੈਕਚਰਾਰਾਂ ਦਾ ਆਰਜੀ ਪ੍ਰਬੰਧ ਕੀਤਾ ਜਾਣਾ ਹੈ। ਸਕੂਲ ਵਿੱਚ ਜਿਹੜੇ ਵਿਸ਼ਿਆਂ ਦੇ ਲੈਕਚਰਾਰਾਂ ਦੀ ਜਰੂਰਤ ਹੈ ਉਹਨਾਂ ਦੀ ਸੂਚੀ ਨਾਲ ਨੱਥੀ ਹੈ। ਇਹਨਾਂ ਸਕੂਲਾਂ ਵਿੱਚ ਆਰਜੀ ਤੌਰ ਤੇ ਲੈਕਚਰਾਰ ਲਗਾਉਣ ਸਬੰਧੀ ਤਜਵੀਜ ਇਸ ਦਫਤਰ ਨੂੰ ਮਿਤੀ 09.12.2025 ਤੱਕ ਸੂਚਨਾਂ ਵਿਭਾਗ ਦੀ ਈ.ਮੇਲ upperprimarytransfers2022@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ। ਤਜਵੀਜ ਭੇਜਣ ਸਮੇਂ ਇਸ ਗੱਲ ਦਾ ਧਿਆਨ ਦਾ ਰੱਖਿਆ ਜਾਵੇ ਕਿ ਜਿਸ ਸਕੂਲ ਵਿਚੋਂ ਆਰਜੀ ਪ੍ਰਬੰਧ ਕੀਤਾ ਜਾਣਾ ਹੈ ਉਸ ਸਕੂਲ ਦੇ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ।

8.12.25
ਸਹਾਇਕ ਡਾਇਰੈਕਟਰ (ਟਰਾਂਸਫਰ ਸੈੱਲ)

## ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ
**Room No.455, Mini Secretariate, 3rd floor,**
**ਮੇਲ ਆਈ ਡੀ deosebathinda@punjab education.gov.in**

ਪਿਠਅੰਕਣ ਨੰ: ਸਟੈਨੋ ( ) 2025/ SPl.
ਮਿਤੀ 09.12.2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ, ਸਸਸਸ ਜਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਉਕਤ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪ ਦੇ ਸਕੂਲ ਦੇ ਚਾਹਵਾਨ ਅੰਗਰੇਜੀ ਵਿਸ਼ੇ ਦੇ ਲੈਕਚਰਾਰ ਦਾ ਆਰਜੀ ਪ੍ਰਬੰਧ ਸਬੰਧੀ ਕੇਸ ਇਸ ਦਫਤਰ ਦੀ ਮੇਲ ਆਈ ਡੀ deose.bathinda@punjabeducation.gov.in ਤੇ ਕੱਲ੍ਹ ਮਿਤੀ 10.12.2025 ਨੂੰ ਸਵੇਰੇ 10.00 ਵਜੇ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

Scanned with CamScanner

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਬਠਿੰਡਾ
9/12/2025